**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ. ਨਗਰ**

ਹੁਕਮ ਨੰ: -2/118-18 ਲੀਵ ਪੋਰਟਲ (2)
ਮਿਤੀ, ਸਅਸ ਨਗਰ:

**ਦੋਸ਼ ਸੂਚੀ**

ਸ੍ਰੀਮਤੀ ਰੰਜੂ ਬਾਲਾ, ਲੈਕਚਰਾਰ ਕੈਮਿਸਟਰੀ, ਸਸਸਸ (ਗ) ਮਾਹਣਾ ਸਿੰਘ ਰੋਡ ਅੰਮ੍ਰਿਤਸਰ, ਜਿਲ੍ਹਾ ਅੰਮ੍ਰਿਤਸਰ ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦੇ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ, 1970 ਦੀ ਧਾਰਾ 8 ਅਧੀਨ, ਇਸ ਪੱਤਰ ਨਾਲ ਨੱਥੀ ਦੋਸ਼ ਵਿਵਰਣ ਵਿੱਚ ਦਰਸਾਏ ਦੋਸ਼ਾਂ ਸੰਬੰਧੀ ਕਾਰਵਾਈ ਕਰਨ ਦੀ ਤਜਵੀਜ ਹੈ ।

2. ਸ੍ਰੀਮਤੀ ਰੰਜੂ ਬਾਲਾ, ਲੈਕਚਰਾਰ ਕੈਮਿਸਟਰੀ, ਸਸਸਸ ਐਮ ਐਸ ਰੋਡ ਜੀ, ਜਿਲ੍ਹਾ ਅੰਮ੍ਰਿਤਸਰ ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪ੍ਰਾਪਤੀ ਤੋਂ 21 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿੱਚ ਦੱਸੇ ਕਿ ਉਹ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਜਾਂ ਕਿਸੇ ਦੋਸ਼ ਨੂੰ ਮੰਨਦੀ ਹੈ ਜਾਂ ਇਸ ਬਾਰੇ ਕੋਈ ਜਵਾਬ ਪੇਸ਼ ਕਰਨਾ ਚਾਹੁੰਦੀ ਹੈ ।

3. ਉਸ ਨੂੰ ਇਸ ਪੱਤਰ ਰਾਹੀਂ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਰਿਕਾਰਡ ਜਿਲ੍ਹਾ ਸਿੱਖਿਆ ਅਫਸਰ (ਸੈਸਿ)/ਸਬੰਧਤ ਸਕੂਲ ਮੁਖੀ ਦੇ ਦਫਤਰ ਵਿੱਚ ਇਸ ਪੱਤਰ ਦੀ ਪਹੁੰਚ ਤੋਂ ਇੱਕ ਹਫਤੇ ਦੇ ਅੰਦਰ ਅੰਦਰ ਵੇਖ ਸਕਦੀ ਹੈ, ਉਸ ਨੂੰ ਇਹ ਵੀ ਦੱਸਿਆ ਜਾਂਦਾ ਹੈ ਕਿ ਉਸ ਨੂੰ ਕੇਵਲ ਉਹੀ ਰਿਕਾਰਡ ਵਿਖਾਇਆ ਜਾਵੇਗਾ ਜੋ ਉਪਰੋਕਤ ਅਧਿਕਾਰੀ ਦੇ ਦਫਤਰ ਵਿੱਚ ਉਪਲਭਧ ਹੋਵੇਗਾ ਅਤੇ ਜਿਸ ਦਾ ਸਿੱਧਾ ਸੰਬੰਧ ਉਸ ਵਿਰੁੱਧ ਲੱਗੇ ਦੋਸ਼ਾਂ ਨਾਲ ਹੋਵੇਗਾ। ਜੇਕਰ ਉਕਤ ਅਧਿਕਾਰੀ ਦੀ ਰਾਏ ਵਿੱਚ ਕੋਈ ਰਿਕਾਰਡ ਵਿਖਾਉਣਾ ਲੋਕ ਹਿਤ ਵਿੱਚ ਨਹੀਂ ਹੋਵੇਗਾ ਤਾਂ ਅਜਿਹਾ ਰਿਕਾਰਡ ਵਿਖਾਉਣ ਤੋਂ ਨਾਂਹ ਕੀਤੀ ਜਾ ਸਕਦੀ ਹੈ । ਜੇਕਰ ਉਹ ਕੋਈ ਹੋਰ ਸਬੰਧਤ ਰਿਕਾਰਡ, ਜੋ ਉਸ ਦਫਤਰ ਵਿੱਚ ਉਪਲਬਧ ਨਾ ਹੋਵੇ, ਵੇਖਣਾ ਚਾਹੇ ਤਾਂ ਅਜਿਹੇ ਰਿਕਾਰਡ ਨੂੰ ਵੇਖਣ ਦਾ ਪ੍ਰਬੰਧ ਉਸ ਨੂੰ ਆਪ ਕਰਨਾ ਹੋਵੇਗਾ । ਐਪਰ, ਉਸ ਦਾ ਸੰਬੰਧਤ ਰਿਕਾਰਡ ਨੂੰ ਨਾ ਵੇਖਣਾ, ਉਸ ਦੇ ਲਿਖਤੀ ਜਵਾਬ ਦੇਰ ਨਾਲ ਦੇਣ ਦਾ ਯੋਗ ਕਾਰਨ ਨਹੀਂ ਮੰਨਿਆ ਜਾਵੇਗਾ । ਲਿਖਤੀ ਜਵਾਬ, ਜੇਕਰ ਕੋਈ ਹੋਵੇ, ਨਿਸ਼ਚਿਤ ਸਮੇਂ ਅੰਦਰ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਵਿਰੁੱਧ ਲੱਗੇ ਦੋਸ਼ਾਂ ਨੂੰ ਮੰਨਦਾ ਹੈ ਅਤੇ ਆਪਣੀ ਸਫਾਈ ਵਿੱਚ ਕੁਝ ਨਹੀਂ ਕਹਿਣਾ ਚਾਹੁੰਦਾ ਅਤੇ ਕੇਸ ਦਾ ਫੈਸਲਾ ਗੁਣ-ਦੋਸ਼ਾਂ ਦੇ ਅਧਾਰ ਤੇ ਕਰ ਦਿੱਤਾ ਜਾਵੇਗਾ । ਜੇਕਰ ਉਹ ਆਪਣੀ ਸਫਾਈ ਵਿੱਚ ਕੋਈ ਜਵਾਬ ਦੇਣਾ ਚਾਹੁੰਦਾ ਹੈ ਤਾਂ ਅਜਿਹਾ ਜਵਾਬ ਲਿਖਤੀ ਤੋਰ ਤੇ ਇਸ ਪੱਤਰ ਦੇ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਸਹੀ ਕਰਤਾ ਨੂੰ ਨਾ ਮਿਲਿਆ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਕੋਈ ਜਵਾਬ ਨਹੀਂ ਦੇਣਾ। ਜਵਾਬ ਨਾ ਦੇਣ ਦੀ ਸੂਰਤ ਵਿੱਚ ਕੇਸ ਦਾ ਇੱਕਤਰਫਾ ਫੈਸਲਾ ਕੇਸ ਦੇ ਗੁਣ ਦੋਸਾਂ ਦੇ ਆਧਾਰ ਤੇ ਕਰ ਦਿੱਤਾ ਜਾਵੇਗਾ।

ਲਿਖਤੀ ਜਵਾਬ ਟਿੱਪਣੀ ਸਮੇਤ 21 ਦਿਨਾਂ ਦੇ ਅੰਦਰ ਅੰਦਰ ਭੇਜਿਆ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਪ੍ਰਸ਼ਾਂਤ ਕੁਮਾਰ ਗੋਇਲ ਆਈ.ਏ.ਐਸ,
ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।

ਰਜਿ: ਸ੍ਰੀਮਤੀ ਰੰਜੂ ਬਾਲਾ, ਲੈਕਚਰਾਰ ਕੈਮਿਸਟਰੀ, ਸਸਸਸ (ਗ) ਮਾਹਣਾ ਸਿੰਘ ਰੋਡ ਅੰਮ੍ਰਿਤਸਰ, ਜਿਲ੍ਹਾ ਅੰਮ੍ਰਿਤਸਰ।

ਪਿੱਠ ਅੰਕਣ ਨੰ: ਉਕਤ 7691-93 ਮਿਤੀ, ਚੰਡੀਗੜ੍ਹ: 7/1/19

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ :

1. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਅੰਮ੍ਰਿਤਸਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸ੍ਰੀਮਤੀ ਰੰਜੂ ਬਾਲਾ, ਲੈਕਚਰਾਰ ਕੈਮਿਸਟਰੀ, ਸਸਸਸ (ਗ) ਮਾਹਣਾ ਸਿੰਘ ਰੋਡ ਅੰਮ੍ਰਿਤਸਰ ਜਿਲ੍ਹਾ ਅੰਮ੍ਰਿਤਸਰ ਤੋਂ ਨਿਸ਼ਚਿਤ ਸਮੇਂ ਅੰਦਰ ਜਵਾਬ ਪ੍ਰਾਪਤ ਕਰਕੇ ਆਪਣੀ ਟਿੱਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ ।
2. ਪ੍ਰਿੰਸੀਪਲ ਸਸਸਸ (ਗ) ਮਾਹਣਾ ਸਿੰਘ ਰੋਡ ਅੰਮ੍ਰਿਤਸਰ ਜਿਲ੍ਹਾ ਅੰਮ੍ਰਿਤਸਰ।

4/1/19
ਨਰਿੰਦਰ ਕੌਰ
ਸਹਾਇਕ ਡਾਇਰੈਕਟਰ ਕੋਆਰਡੀਨੇਸ਼ਨ ਸ਼ਾਖਾ

**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ. ਨਗਰ**

## ਦੋਸ਼ ਸੂਚੀ

ਸ਼੍ਰੀਮਤੀ ਰੰਜੂ ਬਾਲਾ, ਲੈਕਚਰਾਰ ਕੈਮਿਸਟਰੀ, ਸਸਸਸ (ਗ) ਮਾਹਣਾ ਸਿੰਘ ਰੋਡ ਅੰਮ੍ਰਿਤਸਰ ਜਿਲ੍ਹਾ ਅੰਮ੍ਰਿਤਸਰ ਨੇ ਮਿਤੀ 27-09-18 ਤੋਂ 26-10-18 ਤੱਕ ਵਿਦੇਸ਼ ਛੁੱਟੀ ਮਨਜੂਰ ਕਰਵਾਈ ਸੀ। ਜਿਸ ਉਪਰੰਤ ਉਸ ਨੇ 27-10-18 ਤੋਂ 05-11-18 ਨੂੰ ਆਪਣੀ ਡਿਊਟੀ ਤੇ ਹਾਜਰ ਹੋਣਾ ਸੀ, ਪ੍ਰੰਤੂ ਉਹ ਡਿਊਟੀ ਤੇ ਹਾਜਰ ਨਹੀਂ ਹੋਈ।

ਸ਼੍ਰੀਮਤੀ ਰੰਜੂ ਬਾਲਾ, ਲੈਕਚਰਾਰ ਕੈਮਿਸਟਰੀ, ਸਸਸਸ (ਗ) ਮਾਹਣਾ ਸਿੰਘ ਰੋਡ ਅੰਮ੍ਰਿਤਸਰ ਜਿਲ੍ਹਾ ਅੰਮ੍ਰਿਤਸਰ ਨੇ ਮਿਤੀ 27-10-18 ਤੋਂ 05-11-18 ਤੋਂ ਅਣਅਧਿਕਾਰਤ ਤੌਰ ਤੇ ਡਿਊਟੀ ਤੋਂ ਗੈਰਹਾਜ਼ਰ ਹੈ। ਜਿਸ ਕਰਕੇ ਉਸਨੇ ਆਪਣੇ ਆਪ ਨੂੰ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਤਹਿਤ ਮੇਜਰ ਸਜ਼ਾ ਦਾ ਭਾਗੀ ਬਣਾਇਆ ਹੈ।

ਪ੍ਰਸ਼ਾਂਤ ਕੁਮਾਰ ਗੋਇਲ ਆਈ.ਏ.ਐਸ,
ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।

**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ. ਨਗਰ**

## ਦੋਸ਼ ਵਿਵਰਣ

ਸ਼੍ਰੀਮਤੀ ਰੰਜੂ ਬਾਲਾ, ਲੈਕਚਰਾਰ ਕੈਮਿਸਟਰੀ, ਸਸਸਸ (ਗ) ਮਾਹਣਾ ਸਿੰਘ ਰੋਡ ਅੰਮ੍ਰਿਤਸਰ ਜਿਲ੍ਹਾ ਅੰਮ੍ਰਿਤਸਰ ਨੇ ਮਿਤੀ 27-09-18 ਤੋਂ 26-10-18 ਤੱਕ ਵਿਦੇਸ਼ ਛੁੱਟੀ ਮਨਜੂਰ ਕਰਵਾਈ ਸੀ। ਜਿਸ ਉਪਰੰਤ ਉਸ ਨੇ 27-10-18 ਤੋਂ 05-11-18 ਨੂੰ ਆਪਣੀ ਡਿਊਟੀ ਤੇ ਹਾਜਰ ਹੋਣਾ ਸੀ, ਪ੍ਰੰਤੂ ਉਹ ਡਿਊਟੀ ਤੇ ਹਾਜਰ ਨਹੀਂ ਹੋਈ। ਇਸ ਤਰ੍ਹਾਂ ਸ਼੍ਰੀਮਤੀ ਰੰਜੂ ਬਾਲਾ, ਲੈਕਚਰਾਰ ਕੈਮਿਸਟਰੀ, ਸਸਸਸ (ਗ) ਮਾਹਣਾ ਸਿੰਘ ਰੋਡ ਅੰਮ੍ਰਿਤਸਰ ਜਿਲ੍ਹਾ ਅੰਮ੍ਰਿਤਸਰ ਨੇ ਮਿਤੀ 27-10-18 ਤੋਂ 05-11-18 ਤੋਂ ਅਣਅਧਿਕਾਰਤ ਤੌਰ ਤੇ ਡਿਊਟੀ ਤੋਂ ਗੈਰਹਾਜ਼ਰ ਹੈ। ਕਰਮਚਾਰਨ ਦੇ ਇਸ ਵਿਵਹਾਰ ਕਾਰਨ ਵਿਭਾਗ ਦੇ ਅਕਸ ਨੂੰ ਧੱਬਾ ਲੱਗਾ ਹੈ। ਜਿਸ ਕਰਕੇ ਉਸ ਨੇ ਆਪਣੇ ਆਪ ਨੂੰ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਤਹਿਤ ਮੇਜਰ ਸਜ਼ਾ ਦਾ ਭਾਗੀ ਬਣਾਇਆ ਹੈ।

ਪ੍ਰਸ਼ਾਂਤ ਕੁਮਾਰ ਗੋਇਲ ਆਈ.ਏ.ਐਸ,
ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।

**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ. ਨਗਰ**

ਗਵਾਹਾਂ ਦੀ ਸੂਚੀ

1. ਸਬੰਧਤ ਡੀਲਿੰਗ ਸਹਾਇਕ ਦਫਤਰ ਜਿਲ੍ਹਾ ਸਿੱਖਿਆ ਅਫਸਰ ਸੈ.ਸਿੱ. ਅੰਮ੍ਰਿਤਸਰ।
2. ਸਬੰਧਤ ਸਕੂਲ ਦਾ ਪ੍ਰਿੰਸੀਪਲ।

ਪ੍ਰਸ਼ਾਂਤ ਕੁਮਾਰ ਗੋਇਲ ਆਈ.ਏ.ਐਸ,
ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।

**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ. ਨਗਰ**

ਦਸਤਾਵੇਜਾਂ ਦੀ ਸੂਚੀ

1. ਜਿਲ੍ਹਾ ਸਿੱਖਿਆ ਅਫਸਰ ਸੈ.ਸਿੱ. ਅੰਮ੍ਰਿਤਸਰ ਦੀ ਸੰਬੰਧਤ ਫਾਈਲ
2. ਪ੍ਰਿੰਸੀਪਲ ਸਸਸਸ (ਗ) ਮਾਹਣਾ ਸਿੰਘ ਰੋਡ ਅੰਮ੍ਰਿਤਸਰ ਜਿਲ੍ਹਾ ਅੰਮ੍ਰਿਤਸਰ ਦੀ ਸਬੰਧਤ ਫਾਈਲ ਜਿਸ ਰਾਹੀਂ ਕਰਮਚਾਰਨ ਨੂੰ ਵਿਦੇਸ਼ ਭੇਜਿਆ ਗਿਆ ਹੈ।
3 ਸਬੰਧਤ ਸਕੂਲ ਦਾ ਹਾਜ਼ਰੀ ਰਜਿਸਟਰ।

ਪ੍ਰਸ਼ਾਂਤ ਕੁਮਾਰ ਗੋਇਲ ਆਈ.ਏ.ਐਸ,
ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।